# ਬੀ.ਏ. ਭਾਗ-3 ਸਮੈਸਟਰ-5, ਪੰਜਾਬ ਲਾਜ਼ਮੀ

**ਵਾਕੰਸ਼**

ਵਿਆਕਰਨਕ ਇਕਾਈਆਂ ਵਿਚ ਵਾਕ ਨੂੰ ਵੱਡੀ ਤੋਂ ਵੱਡੀ ਇਕਾਈ ਮੰਨਿਆ ਜਾਂਦਾ ਹੈ ਜਦੋਂ ਕਿ ਸ਼ਬਦ ਤੇ ਭਾਵਾਂਸ਼ ਨੂੰ ਛੋਟੀ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ । ਇਨ੍ਹਾਂ ਇਕਾਈਆਂ ਦੇ ਦਰਮਿਆਨ ਸ਼ਬਦ ਵਰਗਾ ਕਾਰਜ ਕਰਨ ਵਾਲੀ ਇਕਾਈ ਨੂੰ ਵਾਕੰਸ਼ ਆਖਿਆ ਜਾਂਦਾ ਹੈ ਅਤੇ ਵਾਕ ਵਰਗਾ ਕਾਰਜ ਕਰਨ ਵਾਲੀ ਇਕਾਈ ਨੂੰ ਉਪਵਾਕ ਆਖਿਆ ਜਾਂਦਾ ਹੈ । ਉਸ ਇਕਾਈ ਨੂੰ ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ ਜਿਸ ਦੀ ਬਣਤਰ ਵਿਚ ਇਕ ਜਾਂ ਇਕ ਤੋਂ ਵਧੇਰੇ ਸ਼ਾਬਦਕ ਇਕਾਈਆਂ ਮਿਲ ਕੇ ਇਕ ਕਾਰਜ ਕਰ ਰਹੀਆਂ ਹੋਣ। ਭਾਵ ਬਣਤਰ ਦੇ ਪੱਖ ਤੋਂ ਵਾਕੰਸ਼ ਇਕ-ਸ਼ਬਦੀ ਵੀ ਹੋ ਸਕਦਾ ਹੈ ਅਤੇ ਬਹੁ-ਸ਼ਬਦੀ ਵੀ ।

**ਵਾਕੰਸ਼ ਦਾ ਵਰਗੀਕਰਨ**

1. **ਨਾਂਵ ਵਾਕੰਸ਼**
2. **ਕਿਰਿਆ ਵਾਕੰਸ਼**

1. **ਨਾਂਵ ਵਾਕੰਸ਼**

ਉਸ ਸ਼ਬਦ ਸਮੂਹ ਨੂੰ ਨਾਂਵ ਵਾਕੰਸ਼ ਕਿਹਾ ਜਾਂਦਾ ਹੈ ਜੋ ਵਾਕ ਬਣਤਰ ਵਿੱਚ ਨਾਂਵ ਜਾਂ ਪੜਨਾਂਵ ਸ਼ਬਦਾਂ ਦੀ ਥਾਂ ਪੂਰ ਕੇ ਕਰਤਾ, ਕਰਮ ਜਾਂ ਪੂਰਕ ਵਜੋਂ ਕਾਰਜਸ਼ੀਲ ਹੁੰਦਾ ਹੈ। ਆਗਿਆਵਾਚਕ ਵਾਕਾਂ ਤੋਂ ਛੁੱਟ ਹਰੇਕ ਭਾਂਤ ਦੇ ਵਾਕਾਂ ਵਿੱਚ ਨਾਂਵ ਵਾਕੰਸ਼ ਲਾਜ਼ਮੀ ਤੱਤ ਵਜੋਂ ਵਿਚਰਦਾ ਹੈ। ਪੰਜਾਬੀ ਭਾਸ਼ਾ ਦੇ ਸਧਾਰਨ ਵਾਕਾਂ ਦੀ ਬਣਤਰ ਵਿੱਚ ਇੱਕ ਤੋਂ ਲੈ ਕੇ ਚਾਰ ਤੱਕ ਨਾਂਵ ਵਾਕੰਸ਼ ਆਉਂਦੇ ਹਨ। ਆਮ ਤੌਰ ਤੇ ਵਾਕ ਬਣਤਰ ਵਿੱਚ ਨਾਂਵ ਵਾਕੰਸ਼ ਪਹਿਲੇ, ਦੂਜੇ, ਤੀਜੇ ਜਾਂ ਚੌਥੇ ਸਥਾਨ ਤੇ ਵਿਚਰਦੇ ਹਨ। ਬਣਤਰ ਦੇ ਪੱਧਰ ਤੇ ਨਾਂਵ ਵਾਕੰਸ਼ ਵਿੱਚ ਨਾਂਵ, ਪੜਨਾਂਵ, ਵਿਸ਼ੇਸ਼ਕ, ਸਬੰਧਕ, ਆਦਰਵਾਚੀ, ਦਬਵਾਚੀ ਤੇ ਨਾਂਹਵਾਚੀ ਆਦਿ ਅੰਸ਼ ਵਿਚਰਦੇ ਹਨ। ਜਿਵੇਂ-

| | | | |
|---|---|---|---|
| ਬਾਰੂ ਦੀ ਮਾਂ | ਨੇ | ਸਾਰੀ ਕਹਾਣੀ | ਸੁਣਾਈ। |
| ਨਾਂਵ ਵਾਕੰਸ਼ | ਸਬੰਧਕ | ਨਾਂਵ ਵਾਕੰਸ਼ | ਕਿਰਿਆ ਵਾਕੰਸ਼। |

ਨਾਂਵ ਵਾਕੰਸ਼ ਦੀ ਬਣਤ ਵਿੱਚ ਵਿਚਰਨ ਵਾਲ਼ੇ ਤੱਤ ਲਾਜ਼ਮੀ ਜਾਂ ਅਖਤਿਆਰੀ ਹੁੰਦੇ ਹਨ। ਲਾਜ਼ਮੀ ਤੱਤਾਂ ਨੂੰ ਨਾਂਵ ਵਾਕੰਸ਼ ਦੀ ਬਣਤਰ ਵਿੱਚੋਂ ਖਾਰਜ ਨਹੀਂ ਕੀਤਾ ਜਾ ਸਕਦਾ ਜਦੋਂ ਕਿ ਇਖਤਿਆਰੀ ਤੱਤਾਂ ਨੂੰ ਨਾਂਵ ਵਾਕੰਸ਼ ਦੀ ਬਣਤਰ ਵਿੱਚੋਂ ਬਿਨਾਂ ਵਿਆਕਰਨਕਤਾ ਭੰਗ ਕੀਤਿਆਂ ਖਰਾਜ ਕੀਤਾ ਜਾ ਸਕਦਾ ਹੈ। ਲਾਜ਼ਮੀ ਤੱਤਾਂ ਨੂੰ ਖਾਰਜ ਕੀਤਿਆਂ ਨਾਂਵ ਵਾਕੰਸ਼ ਦੀ ਹੋਂਦ ਹੀ ਖ਼ਤਮ ਹੋ ਸਕਦੀ ਹੈ। ਲਾਜ਼ਮੀ ਤੱਤ ਮੁੱਖ ਸ਼ਬਦ ਹੁੰਦਾ ਹੈ ਜੋ ਕਿ ਨਾਂਵ ਜਾਂ ਪੜਨਾਂਵ ਸ਼ਬਦ ਸ਼ਰੇਣੀ ਨਾਲ਼ ਸਬੰਧਿਤ ਹੁੰਦਾ ਹੈ। ਜੇ ਵਾਕ ਬਣਤਰ ਵਿੱਚ ਨਾਂਵ ਵਾਕੰਸ਼ ਦੀ ਥਾਂ ਕੇਵਲ ਮੁੱਖ ਸ਼ਬਦ ਹੀ ਵਰਤਿਆ ਜਾਵੇ ਤਾਂ ਵਾਕ ਵਿਆਕਰਨਿਕ ਪੱਖੋਂ ਪੂਰਨ ਹੀ ਰਹਿੰਦਾ ਹੈ। ਜਿਵੇਂ-

| | | |
|---|---|---|
| <u>ਸਾਹਬੋ</u> | <u>ਅਠਾਰਾਂ ਵਰ੍ਹਿਆਂ ਦੀ ਲਗਰ ਵਰਗੀ ਮੁਟਿਆਰ</u> | <u>ਹੋ ਗਈ।</u> |
| ਨਾਂਵ ਵਾਕੰਸ਼ | ਨਾਂਵ ਵਾਕੰਸ਼ | ਕਿਰਿਆ ਵਾਕੰਸ਼ |

/ਅਠਾਰਾਂ ਵਰ੍ਹਿਆਂ ਦੀ ਲਗਰ ਵਰਗੀ ਮੁਟਿਆਰ/ ਇਸ ਨਾਂਵ ਵਾਕੰਸ਼ ਵਿੱਚ /ਮੁਟਿਆਰ/ ਮੁੱਖ ਨਾਂਵ ਸ਼ਬਦ ਹੈ। ਇਸ ਨੂੰ ਸਮੁੱਚੇ ਨਾਂਵ ਵਾਕੰਸ਼ ਦੀ ਜਗ੍ਹਾ ਤੇ ਵਰਤਿਆ ਜਾ ਸਕਦਾ ਹੈ। ਜਿਵੇਂ ਇਸ ਵਾਕ ਨੂੰ ਹੇਠ ਲਿਖੇ ਅਨੁਸਾਰ ਵੀ ਲਿਖਿਆ ਜਾ ਸਕਦਾ ਹੈ।

ਸਾਹਬੋ ਮੁਟਿਆਰ ਹੋ ਗਈ।

ਇਹ ਵਾਕ ਵਿਆਕਰਨਿਕ ਪੱਖੋਂ ਪੂਰਨ ਹੈ। ਨਾਂਵ ਵਾਕੰਸ਼ ਦੀ ਬਣਤਰ ਵਿੱਚ ਨਾਂਵ ਜਾਂ ਪੜਨਾਂਵ ਸ਼ਰੇਣੀ ਦੇ ਸ਼ਬਦ ਲਾਜ਼ਮੀ ਤੱਤ ਹੁੰਦੇ ਹਨ ਅਤੇ ਵਿਸ਼ੇਸ਼ਕ, ਸਬੰਧਕ, ਆਦਰਵਾਚੀ, ਦਵਾਵਾਚੀ ਜਾਂ ਨਾਂਹਵਾਚੀ ਆਦਿ ਸ਼ਬਦ ਅਖਤਿਆਰੀ ਤੱਤਾਂ ਵਜੋਂ ਵਿਚਰਦੇ ਹਨ।

**ਨਾਂਵ ਵਾਕੰਸ਼ ਸਥਾਪਤੀ ਦੇ ਅਧਾਰ ਤੇ ਪਛਾਣ ਵਿਧੀਆਂ**

1. **ਰੂਪ ਆਧਾਰਿਤ**
2. **ਕਾਰਜ ਆਧਾਰਿਤ**

1. **ਰੂਪ ਆਧਾਰਿਤ-** ਰੂਪ ਦੇ ਪੱਖ ਤੋਣ ਨਾਂਵ ਵਾਕੰਸ਼ ਦੀ ਪਛਾਣ ਦੇ ਤਿੰਨ ਆਧਾਰ ਹਨ-

i) **ਮੁੱਖ ਸ਼ਬਦ ਰਾਹੀਂ-**

ਸੰਗਰੂਰ ਦੀ ਕੱਢਵੀਂ **ਜੁੱਤੀ** ਬੜੀ ਮਸ਼ਹੂਰ ਹੈ।

ਇਸ ਵਾਕ ਵਿੱਚ /ਜੁੱਤੀ/ ਮੁੱਖ ਸ਼ਬਦ ਹੈ ਜੋ ਕਿ ਨਾਂਵ ਵਾਕੰਸ਼ ਦੀ ਸਿਰਜਨਾ ਕਰਦਾ ਹੈ। ਇਸ ਵਾਕ ਵਿੱਚ /ਸੰਗਰੂਰ ਦੀ ਕੱਢਵੀਂ ਜੁੱਤੀ/ ਨਾਂਵ ਵਾਕੰਸ਼ ਹੈ।

**ਉਹ** ਸਾਡੇ ਪਿੰਡ ਦਾ **ਵਸਨੀਕ** ਹੈ।

ਇਸ ਵਾਕ ਵਿੱਚ /ਉਹ/ ਪੜ੍ਹਨਾਂਵ ਵਾਕੰਸ਼ ਦੀ ਸਿਰਜਨਾ ਕਰਦਾ ਹੈ। /ਵਸਨੀਕ/ ਨਾਂਵ ਵਾਕੰਸ਼ /ਸਾਡੇ ਪਿੰਡ ਦਾ ਵਸਨੀਕ/ ਦੀ ਸਿਰਜਨਾ ਕਰਦਾ ਹੈ।

ii) **ਸਥਾਨ ਰਾਹੀਂ-**

ਪੰਜਾਬੀ ਦੀ ਸਧਾਰਨ ਵਾਕ ਬਣਤਰ ਵਿੱਚ ਨਾਂਵ ਵਾਕੰਸ਼ ਦਾ ਸਥਾਨ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਹੁੰਦਾ ਹੈ। ਇਸ ਲਈ ਪੰਜਾਬੀ ਦੀ ਸਧਾਰਨ ਵਾਕ ਬਣਤਰ ਵਿੱਚ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਥਾਨ ਤੇ ਆਉਣ ਵਾਲੇ ਸਾਰਥਕ ਸ਼ਬਦ ਸਮੂਹ ਨੂੰ ਨਾਂਵ ਵਾਕੰਸ਼ ਕਿਹਾ ਜਾਂਦਾ ਹੈ।

iii) **ਸੰਬੰਧਕ ਰਾਹੀਂ-**

ਪੰਜਾਬੀ ਭਾਸ਼ਾ ਦੀ ਬਣਤਰ ਵਿੱਚ /ਨੇ/ ਸੰਬੰਧਕ ਕਰਤਾ ਨਾਂਵ ਵਾਕੰਸ਼ ਦਾ ਅਤੇ /ਨੂੰ/ ਸੰਬੰਧਕ ਅਪ੍ਰਧਾਨ ਕਰਨ ਨਾਂਵ ਵਾਕੰਸ਼ ਦੀ ਪਛਾਣ ਦਾ ਆਧਾਰ ਹੈ।

| | | | |
|---|---|---|---|
| ਅਧਿਆਪਕ ਨੇ | ਸਾਰੀ ਜਮਾਨ ਨੂੰ | ਕਿਤਾਬਾਂ | ਵੰਡੀਆਂ। |
| ਕਰਤਾ ਨਾਂਵ ਵਾਕੰਸ਼ | ਅਪ੍ਰਧਾਨ ਕਰਮ ਨਾ.ਵਾ. | ਪ੍ਰਧਾਨ ਕਰਮ ਨਾ.ਵਾ. | ਕਿਰਿਆ ਵਾਕੰਸ਼ |

2. **ਕਾਰਜ ਆਧਾਰਿਤ-**

ਕਾਰਜ ਦੇ ਪੱਖ ਤੋਂ ਪੰਜਾਬੀ ਨਾਂਵ ਵਾਕੰਸ਼, ਵਾਕ ਦੇ ਕਰਤਾ, ਪ੍ਰਧਾਨ ਕਰਮ ਜਾਂ ਅਪ੍ਰਧਾਨ ਕਰਮ ਵਜੋਂ ਕਾਰਜਸ਼ੀਲ ਹੁੰਦੇ ਹਨ, ਜਿਵੇਂ:

| | | | |
|---|---|---|---|
| ਅਧਿਆਪਕ ਨੇ | ਸਾਰੀ ਜਮਾਨ ਨੂੰ | ਕਿਤਾਬਾਂ | ਵੰਡੀਆਂ। |
| ਕਰਤਾ ਨਾਂਵ ਵਾਕੰਸ਼ | ਅਪ੍ਰਧਾਨ ਕਰਮ ਨਾ.ਵਾ. | ਪ੍ਰਧਾਨ ਕਰਮ ਨਾ.ਵਾ. | ਕਿਰਿਆ ਵਾਕੰਸ਼ |

**ਡਾ. ਹਰਜਿੰਦਰ ਸਿੰਘ,**

**ਮੁਖੀ, ਪੰਜਾਬੀ ਵਿਭਾਗ,**

**ਅਕਾਲ ਡਿਗਰੀ ਕਾਲਜ, ਮਸਤੂਆਣਾ ਸਾਹਿਬ।**